



# ਸੰਪਾਦਕੀ

**ਸੰਵਾਦ** ਦਾ 23ਵਾਂ ਅੰਕ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਤੇ ਫ਼ਲਸਫ਼ੇ ਨੂੰ ਸਮਰਪਿਤ ਹੈ।

ਗੁਰੂ ਨਾਨਕ ਦੇਵ ਜੀ ਦਾ ਜੀਵਨ, ਬਾਣੀ ਤੇ ਫ਼ਲਸਫ਼ਾ ਸਮੁੱਚੀ ਸ੍ਰਿਸ਼ਟੀ, ਕਾਇਨਾਤ ਦੇ ਸਾਂਝੇ ਧਰਮ ਵਲ ਖ਼ੂਬਸੂਰਤ ਰੱਬੀ ਸੈਨਤ ਹੈ। ਇਸੇ ਕਰਕੇ ਸਿੱਖ ਅਰਦਾਸ ਵਿਚ ਸਰਬੱਤ ਦੇ ਭਲੇ ਅਤੇ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਬਾਣੀ ਸਿਰਜਣਾ ਦੇ ਨਾਲ-ਨਾਲ ਆਪਣੀਆਂ ਉਦਾਸੀਆਂ ਰਾਹੀਂ ਸੰਵਾਦ ਦੀ ਅਦੁੱਤੀ ਮਿਸਾਲ ਵੀ ਪੈਦਾ ਕਰਦੇ ਹਨ। ਗੁਰੂ ਸਾਹਿਬ ਵੱਲੋਂ ਹਰ ਭਾਈਚਾਰੇ ਦੀ ਜੀਵਨ-ਜਾਚ ਦਾ ਆਦਰ ਕਰਦਿਆਂ ਉਸ ਨਾਲ ਬਰਾਬਰੀ ਦੇ ਧਰਾਤਲ ਤੇ ਸੰਵਾਦ ਰਚਾਇਆ ਗਿਆ। ਉਨ੍ਹਾਂ ਦਾ ਸੰਪੂਰਣ ਬਿੰਬ ਬਾਣੀ ਸਿਰਜਣਾ ਅਤੇ ਜੀਵਨ ਪ੍ਰਸੰਗਾਂ ਦੇ ਸਾਂਝੇ ਅਰਥਾਂ ਵਿਚੋਂ ਉਜਾਗਰ ਹੁੰਦਾ ਹੈ। ਬਾਣੀ ਰਾਹੀਂ ਉਨ੍ਹਾਂ ਦੀ ਸਿਰਜਣਾਤਮਿਕ ਸਮਰੱਥਾ ਦਾ ਪ੍ਰਮਾਣ ਪ੍ਰਾਪਤ ਹੁੰਦਾ ਹੈ ਅਤੇ ਵਿਸ਼ੇਸ਼ ਇਤਿਹਾਸਕ ਸੰਦਰਭ ਵਿਚ ਉਹ ਸਭਿਆਚਾਰਕ ਪੁਨਰ-ਜਗ੍ਰਿਤੀ ਦੇ ਸਿਰਜਕ ਵਜੋਂ ਵੀ ਉਘੜਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਮਾਜ-ਸਭਿਆਚਾਰਕ ਸਥਿਤੀ ਦੇ ਗੰਭੀਰ ਸੰਕਟ ਨੂੰ ਪਛਾਣਦਿਆਂ ਉਸ ਦਾ ਨੈਤਿਕ ਤੇ ਅਧਿਆਤਮਿਕ ਸਮਾਧਾਨ ਪੇਸ਼ ਕਰਕੇ ਇਕ ਵਿਸ਼ੇਸ਼ ਪ੍ਰਕਾਰ ਦੀ ਸਭਿਆਚਾਰਕ ਕ੍ਰਾਤੀ ਨੂੰ ਜਨਮ ਦਿੱਤਾ। ਉਨ੍ਹਾਂ ਨੇ ਸਮਕਾਲੀ ਸਮਾਜਕ ਸੰਦਰਭ ਵਿਚ ਗੌਰਵਮਈ ਕਦਰਾਂ-ਕੀਮਤਾਂ ਅਤੇ ਕ੍ਰਾਂਤੀਕਾਰੀ ਜੀਵਨ-ਮੁੱਲਾਂ ਦੀ ਸਥਾਪਨਾ ਵੀ ਕੀਤੀ। ਗੁਰੂ ਸਾਹਿਬ ਨੇ ਪ੍ਰਚਲਿਤ ਸਮਾਜਿਕ ਵਿਤਕਰਿਆਂ ਅਤੇ ਊਚ-ਨੀਚ ਨੂੰ ਰੱਦ ਕਰਦਿਆਂ ਸਰਬੱਤ ਦੇ ਭਲੇ ਦਾ ਨੈਤਿਕ ਆਦਰਸ਼ ਸਥਾਪਿਤ ਕਰਕੇ ਸਭਿਆਚਾਰਕ ਪੁਨਰ-ਜਾਗ੍ਰਿਤੀ ਦੀ ਲਹਿਰ ਨੂੰ ਵਿਕਸਿਤ ਤੇ ਪ੍ਰਫੁਲਿਤ ਕਰਨ ਦੇ ਭਰਪੂਰ ਯਤਨ ਕੀਤੇ।

ਸਾਡੇ ਸਮਾਜ ਵਿਚ ਕਈ ਦਮਨਕਾਰੀ ਤੰਤਰ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਪ੍ਰਚੱਲਤ ਹਨ ਜਿਨ੍ਹਾਂ ਦੇ ਸ਼ਿਕਾਰ ਮਨੁੱਖ ਦਮਿਤ ਸਥਿਤੀ ਦਾ ਸੰਤਾਪ ਹੰਢਾਉਂਦੇ ਹਨ। ਪੁਰਖ ਨੇ ਨਾਰੀ ਨੂੰ, ਬਹੁਗਿਣਤੀ ਨੇ ਘੱਟਗਿਣਤੀ ਨੂੰ, ਸ਼ਕਤੀਸ਼ਾਲੀ ਨੇ ਕਮਜ਼ੋਰ ਨੂੰ, ਸਭਿਅਕ ਸਮੂਹਾਂ ਨੇ ਆਦਿਵਾਸੀਆਂ ਨੂੰ, ਰਾਜਨੀਤਕਾਂ ਨੇ ਆਮ ਲੋਕਾਂ ਨੂੰ, ਇਲੈਕਟਰੌਨਿਕ ਮੀਡੀਆ ਨੇ ਵਿਰਸੇ ਨੂੰ ਅਤੇ ਵੱਡੇ ਬਾਜ਼ਾਰਾਂ ਨੇ ਛੋਟੀਆਂ ਦੁਕਾਨਾਂ ਨੂੰ ਹਾਸ਼ੀਏ ’ਤੇ ਧਕੇਲ ਦਿੱਤਾ ਹੈ। ਨਸਲੀ ਵਿਤਕਰਾ, ਰੰਗ ਭੇਦ ਦੀ ਲੁਕਵੀ ਜਾਂ ਪ੍ਰਗਟ ਨੀਤੀ ਅਤੇ ਜਾਤੀ ਉਤਮਤਾ ਮਨੁੱਖਾਂ ਵਿਚਕਾਰ ਮਸਨੂਈ ਵੰਡੀਆਂ ਪਾ ਕੇ ਵਿਭਿੰਨ ਭਾਈਚਾਰਿਆਂ ਨੂੰ ਨਾਬਰਾਬਰੀ ਅਤੇ ਵਿਤਕਰੇ ਦਾ ਸ਼ਿਕਾਰ ਬਣਾਉਂਦੀ ਹੈ। ਵਿਕਸਿਤ ਮੁਲਕ ਵੀ ਇਸ ਕਿਸਮ ਦੇ ਨਸਲੀ ਵਿਤਕਰੇ ਤੇ ਰੰਗ ਭੇਦ, ਧਰਮ, ਕੌਮ ਭਾਸ਼ਾ ਅਤੇ ਖੇਤਰੀ ਸਭਿਆਚਾਰਾਂ ਨਾਲ ਸਬੰਧਿਤ ਵਿਤਕਰਿਆਂ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਹਾਸ਼ੀਆਗਤ ਜੀਵਨ ਗੁਜ਼ਾਰ ਰਹੇ ਵਰਗਾਂ ਨਾਲ ਹੁੰਦੀਆਂ ਬੇਇਸਾਫੀਆਂ ਸਾਡੇ ਸਮਿਆਂ ਦੀ ਤਲਖ ਹਕੀਕਤ ਹੈ। ਇਸ ਦਮਨਕਾਰੀ ਸੁਭਾਅ ਤੇ ਵਿਵਸਥਾ ਨੂੰ ਸੁਲਝਾਉਣ

ਦਾ ਮਾਰਗ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਫ਼ਲਸਫ਼ੇ ਦੀ ਰੌਸ਼ਨੀ ਵਿਚ ਤਲਾਸ਼ਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਫ਼ਲਸਫ਼ਾ ਨਿਮਰਤਾ, ਸੇਵਾ ਅਤੇ ਸਚਾਈ ਉਪਰ ਆਧਾਰਿਤ ਹੈ। ਗੁਰੂ ਨਾਨਕ ਬਾਣੀ ਅਜਿਹਾ ਮਨੁੱਖ ਸਿਰਜਣ ਦੇ ਆਹਰ ਵਿਚ ਹੈ ਜੋ ਕੂੜ ਦੇ ਹਨੇਰੇ ਵਿਚ ਸੱਚ ਦਾ ਰਾਹ ਲੱਭ ਸਕਦਾ ਹੋਵੇ। ਜੋ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਂ ਦਾ ਦਰਜਾ ਦਿੰਦਾ ਹੋਵੇ। ਵਰਤਮਾਨ ਸੰਕਟਾਂ ਵਿਚੋਂ ਨਿਕਲਣ ਅਤੇ ਭਵਿੱਖਮੁਖੀ ਚਿੰਤਨ ਉਸਾਰਨ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ, ਬਾਣੀ ਅਤੇ ਫ਼ਲਸਫ਼ਾ ਮਾਰਗ ਦਰਸ਼ਨ ਕਰ ਸਕਦਾ ਹੈ। ਅਜੋਕੇ ਸਮੇਂ ਸੰਸਾਰ/ਭਾਰਤ/ਪੰਜਾਬ ਨੂੰ ਜਿਸ ਤਰ੍ਹਾਂ ਦੇ ਸੰਕਟ ਤੇ ਚੁਣੌਤੀਆਂ ਦਰਪੇਸ਼ ਆ ਰਹੀਆਂ ਹਨ, ਉਨ੍ਹਾਂ ਨਾਲ ਨਜਿੱਠਣ ਅਤੇ ਸੰਤੁਲਿਤ ਵਿਕਾਸ ਲਈ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦਾ ਪੁਨਰ-ਚਿੰਤਨ ਜ਼ਰੂਰੀ ਹੋ ਗਿਆ ਹੈ। **ਸੰਵਾਦ** ਦਾ ਇਹ ਵਿਸ਼ੇਸ਼ ਅੰਕ ਇਸੇ ਜਜ਼ਬੇ ਨੂੰ ਸਮਰਪਿਤ ਹੈ।

ਇਸ ਅੰਕ ਵਿਚ ਵੱਖ ਵੱਖ ਅਨੁਸ਼ਾਸਨਾਂ ਨਾਲ ਸਬੰਧਿਤ ਨਾਮਵਰ ਵਿਦਵਾਨਾਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਫਲਸਫੇ ਨਾਲ ਸਬੰਧਿਤ ਵਿਸ਼ੇਸ਼ ਰੂਪ ਵਿਚ ਲਿਖੇ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਵਿਸ਼ਵ ਪ੍ਰਸਿੱਧ ਚਿੰਤਕ ਡਾ. ਹਰਜੀਤ ਸਿੰਘ ਗਿੱਲ ਦਾ ਖੋਜ-ਪੱਤਰ 'ਗੁਰੂ ਨਾਨਕ ਬਾਣੀ ਦਾ ਬ੍ਰਹਿਮੰਡੀ ਪ੍ਰਵਚਨ' ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ, ਨਾਮਵਰ ਚਿੰਤਕ ਡਾ. ਅਮਰਜੀਤ ਸਿੰਘ ਗਰੇਵਾਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਉੱਘੇ ਇਤਿਹਾਸਕਾਰ ਡਾ. ਈਸ਼ਵਰ ਦਿਆਲ ਗੌੜ, ਪ੍ਰਸਿੱਧ ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਨਾਮਵਰ ਸਿੱਖ ਚਿੰਤਕ ਪ੍ਰੋਫ਼ੈਸਰ ਬਲਕਾਰ ਸਿੰਘ, ਉਘੇ ਰਾਜਨੀਤੀ ਸ਼ਾਸਤਰੀ ਡਾ. ਜਗਰੂਪ ਸਿੰਘ ਸੇਖੋਂ, ਪ੍ਰੋ. ਅਮਰਜੀਤ ਸਿੰਘ, ਡਾਇਰੈਕਟਰ ਸਿੱਖ ਸਟੱਡੀਜ਼ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਡਾ. ਜਸਬੀਰ ਸਿੰਘ ਸਰਨਾ, ਡਾ. ਮਨਜਿੰਦਰ ਸਿੰਘ, ਡਾ. ਯਾਦਵਿੰਦਰ ਸਿੰਘ, ਡਾ. ਮੁਹੱਬਤ ਸਿੰਘ, ਡਾ. ਬਲਜੀਤ ਸਿੰਘ ਵਿਰਕ, ਡਾ. ਕਵਲਜੀਤ ਸਿੰਘ ਅਤੇ ਡਾ. ਕੰਵਲਦੀਪ ਕੌਰ ਦੇ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਫ਼ਲਸਫ਼ੇ ਸਬੰਧੀ ਖੋਜ-ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਡਾ. ਸੁਮਨ ਕਪੂਰ, ਡਾ. ਗੁਰਪ੍ਰੀਤ ਸਿੰਘ ਅਤੇ ਪ੍ਰੋ. ਹਰਪ੍ਰੀਤ ਕੁਮਾਰ ਦੇ ਖੋਜ-ਪੱਤਰ ਵੀ ਇਸ ਅੰਕ ਵਿਚ ਸ਼ਾਮਿਲ ਕੀਤੇ ਗਏ ਹਨ।

ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਤੇ ਫ਼ਲਸਫ਼ੇ ਨੂੰ ਸਮਰਪਿਤ **ਸੰਵਾਦ** ਦਾ 23ਵਾਂ ਅੰਕ ਨਿਮਰਤਾ ਸਹਿਤ ਪਾਠਕਾਂ ਦੇ ਸਨਮੁੱਖ ਪੇਸ਼ ਹੈ।

-ਡਾ. ਆਤਮ ਸਿੰਘ ਰੰਧਾਵਾ
-ਡਾ. ਪਰਮਿੰਦਰ ਸਿੰਘ

✧


**www.sanvad.org**
ISSN : 2395-1273